# ਡਾਇਰੈਕਟੋਰੇਟ ਆਫ ਸਪੋਰਟਸ, ਪੰਜਾਬ

ਐਸ.ਸੀ.ਓ.ਨੰ: 116-117, ਸੈਕਟਰ-34ਏ, ਚੰਡੀਗੜ੍ਹ

**ਸਾਲ 2017 ਅਤੇ 2018 ਲਈ ਖਿਡਾਰੀਆਂ ਪਾਸੋਂ ਮਹਾਰਾਜਾ ਰਣਜੀਤ ਸਿੰਘ ਅਵਾਰਡ ਲਈ ਬਿਨੈ-ਪੱਤਰਾਂ ਦੀ ਮੰਗ**

ਪੰਜਾਬ ਸਰਕਾਰ, ਖੇਡ ਵਿਭਾਗ ਵੱਲੋਂ ਸਾਲ 2017 ਅਤੇ 2018 ਲਈ ਰਾਸਟਰੀ ਅਤੇ ਅੰਤਰਰਾਸਟਰੀ ਪੱਧਰ ਦੇ ਕੰਪੀਟੀਸ਼ਨਾਂ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ/ ਭਾਗ ਲੈਣ ਵਾਲੇ ਪੰਜਾਬ ਦੇ ਖਿਡਾਰੀਆਂ ਪਾਸੋਂ ਮਹਾਰਾਜਾ ਰਣਜੀਤ ਸਿੰਘ ਅਵਾਰਡ ਲਈ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

ਮਹਾਰਾਜਾ ਰਣਜੀਤ ਸਿੰਘ ਅਵਾਰਡ ਖਿਡਾਰੀ ਨੂੰ ਉਸ ਦੀਆਂ ਪਿਛਲੇ 5 ਸਾਲਾਂ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਦਿੱਤਾ ਜਾਣਾ ਹੈ। ਇਸ ਅਵਾਰਡ ਲਈ ਕੇਵਲ ਉਹ ਖਿਡਾਰੀ ਹੀ ਯੋਗ ਹੋਣਗੇ ਜਿਨ੍ਹਾਂ ਵਲੋਂ ਨੈਸ਼ਨਲ ਚੈਂਪੀਅਨਸ਼ਿਪ/ ਰਾਸ਼ਟਰੀ ਖੇਡਾਂ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਹੋਵੇ ਅਤੇ ਅੰਤਰ-ਰਾਸ਼ਟਰੀ ਕੰਪੀਟੀਸ਼ਨਾਂ ਵਿੱਚ ਮੈਡਲ ਪ੍ਰਾਪਤ ਕੀਤੇ ਹੋਣ/ ਭਾਗ ਲਿਆ ਹੋਵੇ।

**ਮਹਾਰਾਜਾ ਰਣਜੀਤ ਸਿੰਘ ਅਵਾਰਡ ਪਾਲਿਸੀ ਅਨੁਸਾਰ ਯੋਗਤਾ ਅਤੇ ਪ੍ਰੋਫਾਰਮਾ ਵਿਭਾਗ ਦੀ ਵੈਬਸਾਈਟ www.pbsports.gov.in ਉੱਤੇ ਉਪਲਬਧ ਹੈ।**

ਯੋਗ ਖਿਡਾਰੀ ਆਪਣੇ ਬਿਨੈ ਪੱਤਰ ਨਿਰਧਾਰਤ ਪ੍ਰੋਫਾਰਮੇ ਵਿਚ ਸਬੰਧਤ ਜਿਲ੍ਹਾ ਖੇਡ ਅਫਸਰ/ ਪੰਜਾਬ ਉਲੰਪਿਕ ਸੰਸਥਾ ਰਾਹੀਂ ਜਾਂ ਡਾਇਰੈਕਟਰ ਸਪੋਰਟਸ, ਪੰਜਾਬ ਨੂੰ ਸਿੱਧੇ ਤੌਰ ਤੇ ਐਸ.ਸੀ.ਓ. ਨੰਬਰ 116-117, ਸੈਕਟਰ 34-ਏ, ਚੰਡੀਗੜ੍ਹ ਵਿਖੇ ਮਿਤੀ 09-11-2018 ਤੱਕ ਭੇਜਣਗੇ। ਇਸ ਮਿਤੀ ਤੋਂ ਬਾਅਦ ਵਿੱਚ ਪ੍ਰਾਪਤ ਹੋਏ ਬਿਨੈ ਪੱਤਰਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-

**ਡਾਇਰੈਕਟਰ ਸਪੋਰਟਸ, ਪੰਜਾਬ।**

# ਡਾਇਰੈਕਟੋਰੇਟ ਆਫ ਸਪੋਰਟਸ, ਪੰਜਾਬ

**ਐਸ.ਸੀ.ਓ.ਨੰ: 116-117, ਸੈਕਟਰ-34ਏ, ਚੰਡੀਗੜ੍ਹ**

## ਸਾਲ 2017 ਅਤੇ 2018 ਲਈ ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ ਬਿਨੈਪੱਤਰਾਂ ਦੀ ਮੰਗ

ਪੰਜਾਬ ਸਰਕਾਰ, ਖੇਡ ਵਿਭਾਗ ਵੱਲੋਂ ਸਾਲ 2017 ਅਤੇ 2018 ਲਈ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਤ ਕਰਨ ਵਾਸਤੇ ਹੇਠ ਲਿਖੇ ਮਾਪਦੰਡਾਂ ਅਨੁਸਾਰ ਖੇਡ ਮੁਕਾਬਲਿਆਂ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ/ ਭਾਗ ਲੈਣ ਵਾਲੇ ਪੰਜਾਬ ਦੇ ਖਿਡਾਰੀਆਂ ਪਾਸੋਂ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ:-

| ਲੜੀ ਨੰ. | ਖੇਡ ਮੁਕਾਬਲੇ ਦਾ ਨਾਂ | ਕੰਪੀਟੀਸ਼ਨਾਂ ਵਿੱਚ ਪ੍ਰਾਪਤ ਕੀਤੇ ਮੈਡਲਾਂ/ ਭਾਗ ਲੈਣ ਲਈ ਅੰਕ | | | |
|---|---|---|---|---|---|
| | | ਗੋਲਡ | ਸਿਲਵਰ | ਬਰੋਨਜ | ਪਾਰਟੀਸੀਪੇਸ਼ਨ |
| 1. | ਓਲੰਪਿਕ ਗੇਮਜ | 100 | 90 | 80 | 20 |
| 2. | ਵਰਲਡ ਕੱਪ/ ਚੈਂਪੀਅਨਸ਼ਿਪ | 80 | 70 | 60 | 15 |
| 3. | ਏਸ਼ੀਅਨ ਗੇਮਜ਼ | 60 | 50 | 40 | 10 |
| 4. | ਕਾਮਨ ਵੈਲਥ ਗੇਮਜ਼ | 60 | 50 | 40 | 10 |
| 5. | ਏਸ਼ੀਅਨ/ ਕਾਮਨ ਵੈਲਥ ਚੈਂਪੀਅਨਸ਼ਿਪਜ਼/ ਕੱਪ | 40 | 30 | 20 | 5 |
| 6. | ਵਰਲਡ ਜੂਨੀਅਰ ਚੈਂਪੀਅਨਸ਼ਿਪ | 40 | 30 | 20 | 5 |
| 7. | ਵਰਲਡ ਯੂਨੀਵਰਸਿਟੀ ਗੇਮਜ਼ | 40 | 30 | 20 | 5 |
| 8. | ਸੈਫ ਗੇਮਜ਼ | 20 | 10 | 10 | - |
| 9. | ਨੈਸ਼ਨਲ ਗੇਮਜ਼/ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ/ ਆਲ ਇੰਡੀਆ ਇੰਟਰ ਯੂਨੀਵਰਸਿਟੀ ਟੂਰਨਾਮੈਂਟ (ਏ.ਆਈ.ਯੂ.) | 10 | 8 | 6 | - |
| 10. | ਕ੍ਰਿਕਟ ਮੈਚਿਜ਼ | ਪੰਜਾਬ ਦੇ ਉਹ ਖਿਡਾਰੀ ਜਿਨ੍ਹਾਂ ਨੇ ਟੈਸਟ ਮੈਚ/ ਇੱਕ ਦਿਵਸੀ/ ਇੰਟਰਨੈਸ਼ਨਲ ਮੈਚ (ਸੀਨੀਅਰ) ਵਿੱਚ ਹਿੱਸਾ ਲਿਆ ਹੈ, ਉਨ੍ਹਾਂ ਨੂੰ ਹਰ ਸਾਲ ਦੇ 10 ਅੰਕ ਦਿੱਤੇ ਜਾਣਗੇ। | | | |

**<u>ਮਹਾਰਾਜਾ ਰਣਜੀਤ ਸਿੰਘ ਐਵਾਰਡ ਦੀ ਰਾਸ਼ੀ:-</u>**

ਇਸ ਐਵਾਰਡ ਅਧੀਨ ਯੋਗ ਖਿਡਾਰੀਆਂ ਨੂੰ 2.00 ਲੱਖ ਰੁ. ਦਾ ਨਗਦ ਇਨਾਮ, ਮਹਾਰਾਜਾ ਰਣਜੀਤ ਸਿੰਘ ਜੀ ਦੀ ਜੰਗੀ ਪੁਸ਼ਾਕ ਵਿੱਚ ਘੋੜੇ ਉਤੇ ਸਵਾਰ ਟਰਾਫੀ, ਬਲੇਜਰ ਸਮੇਤ ਪਾਕਿਟ ਅਤੇ ਇੱਕ ਸਕਰੋਲ ਆਫ ਆਨਰ ਦਿੱਤਾ ਜਾਵੇਗਾ।

**<u>ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ ਯੋਗਤਾ:-</u>**

1. ਗੇਮਾਂ:-

ੳ) ਐਕੁਏਟਿਕ (ਤੈਰਾਕੀ, ਵਾਟਰ ਪੋਲੋ, ਡਾਇਵਿੰਗ ਅਤੇ ਸਿੰਕਰੋਨਾਈਜ਼ਡ ਤੈਰਾਕੀ), ਐਥਲੈਟਿਕਸ, ਆਰਚਰੀ, ਬੈਡਮਿੰਟਨ, ਬਾਸਕਟਬਾਲ, ਬੇਸਬਾਲ, ਬਾਕਸਿੰਗ, ਕਨੋਇੰਗ ਅਤੇ ਕਾਇਕਿੰਗ, ਸਾਈਕਲਿੰਗ, ਘੋੜਸਵਾਰੀ, ਫੈਨਸਿੰਗ, ਫੁੱਟਬਾਲ, ਜਿਮਨਾਸਟਿਕਸ (ਸਮੇਤ ਰਿਦਮਿਕ ਜਿਮਨਾਸਟਿਕ), ਹੈਂਡਬਾਲ, ਹਾਕੀ, ਜੂਡੋ, ਮੌਡਰਨ ਪੈਂਟੈਥਲੋਨ, ਰੋਇੰਗ, ਸੇਲਿੰਗ, ਸ਼ੂਟਿੰਗ, ਟੇਬਲ ਟੈਨਿਸ, ਤਾਈਕਵਾਂਡੋ, ਟੈਨਿਸ, ਟਰੈਥਲੋਨ, ਵਾਲੀਬਾਲ (ਸਮੇਤ ਬੀਚ ਵਾਲੀਬਾਲ), ਕੁਸ਼ਤੀ (ਫਰੀ ਸਟਾਈਲ ਅਤੇ ਗਰੀਕੋ ਰੋਮਨ), ਵੇਟ ਲਿਫਟਿੰਗ

ਅ) ਕਬੱਡੀ (ਨੈਸ਼ਨਲ ਅਤੇ ਸਰਕਲ ਸਟਾਈਲ), ਕ੍ਰਿਕਟ ਅਤੇ ਫਿਜੀਕਲ ਹੈਂਡੀਕੈਪਡ ਗੇਮਜ਼

2. ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ ਖਿਡਾਰੀਆਂ ਦੀਆਂ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀਆਂ ਹਨ:-

| ਲੜੀ ਨੰ: | ਮਹਾਰਾਜਾ ਰਣਜੀਤ ਸਿੰਘ ਐਵਾਰਡ ਦਾ ਸਾਲ | ਪ੍ਰਾਪਤੀਆਂ ਦਾ ਸਮਾਂ |
|---|---|---|
| 1) | ਸਾਲ 2017 | 1-1-2012 ਤੋਂ 31-12-2016 |
| 2) | ਸਾਲ 2018 | 1-1-2013 ਤੋਂ 31-12-2017 |

ਯੋਗਤਾ ਲਈ ਖਿਡਾਰੀ ਵੱਲੋਂ ਜਿਸ ਸਾਲ ਲਈ ਬਿਨੈ-ਪੱਤਰ ਦਿੱਤਾ ਜਾਣਾ ਹੈ ਉਸ ਤੋਂ ਉਪਰੋਕਤ ਦਿੱਤੇ ਵੇਰਵੇ ਅਨੁਸਾਰ ਪਿਛਲੇ 5 ਸਾਲਾਂ ਦੌਰਾਨ ਖੇਡ ਪ੍ਰਾਪਤੀਆਂ ਦੇ ਅਧਾਰ ਤੇ ਘੱਟੋ-ਘੱਟ 40 ਅੰਕ ਪ੍ਰਾਪਤ ਕਰਨੇ ਜ਼ਰੂਰੀ ਹੋਣਗੇ।

3. ਪੈਰ੍ਹਾ 1 (ੳ) ਵਿੱਚ ਦਰਸਾਈਆਂ ਖੇਡਾਂ ਲਈ ਪ੍ਰਤੀ ਸਾਲ ਵੱਧ ਤੋਂ ਵੱਧ 15 ਖਿਡਾਰੀਆਂ ਨੂੰ ਐਵਾਰਡ ਦਿੱਤੇ ਜਾਣਗੇ। ਪੈਰ੍ਹਾ 1 (ਅ) ਵਿੱਚ ਦਰਸਾਈਆਂ ਕ੍ਰਿਕਟ, ਕਬੱਡੀ ਅਤੇ ਫਿਜੀਕਲ ਹੈਂਡੀਕੈਪਡ ਖੇਡਾਂ ਲਈ ਪ੍ਰਤੀ ਖੇਡ ਇੱਕ-ਇੱਕ ਅਵਾਰਡ ਦਿੱਤਾ ਜਾਵੇਗਾ, ਜੋ ਉਪਰੋਕਤ 15 ਐਵਾਰਡਜ਼ ਤੋਂ ਵੱਖਰੇ ਹੋਣਗੇ।

4. ਭਾਰਤ ਸਰਕਾਰ ਵਲੋਂ ਪੰਜਾਬ ਰਾਜ ਦੇ ਜਿੰਨਾਂ ਖਿਡਾਰੀਆਂ ਨੂੰ ਸਾਲ 2017, 2018 ਦੌਰਾਨ ਪਦਮਾਸ਼੍ਰੀ, ਅਰਜਨਾ ਐਵਾਰਡ ਅਤੇ ਰਾਜੀਵ ਗਾਂਧੀ ਖੇਲ ਰਤਨ ਐਵਾਰਡ ਦਿੱਤੇ ਗਏ ਹਨ, ਉਹ ਖਿਡਾਰੀ ਸਿੱਧੇ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਨ੍ਹਾਂ ਐਵਾਰਡਜ਼ ਦੀ ਗਿਣਤੀ ਵੀ ਪੈਰ੍ਹਾ-1(ੳ) ਦਰਸਾਏ 15 ਐਵਾਰਡਜ਼ ਦੀ ਗਿਣਤੀ ਤੋਂ ਵੱਖਰੀ ਹੋਵੇਗੀ। ਇਸ ਲਈ ਇਹ ਐਵਾਰਡੀ ਵੀ ਆਪਣਾ ਬਿਨੈਪੱਤਰ ਸਮੇਤ ਸਰਟੀਫਿਕੇਟ ਭੇਜਣ।

5. ਮਹਾਰਾਜਾ ਰਣਜੀਤ ਸਿੰਘ ਐਵਾਰਡ ਕੇਵਲ ਪੰਜਾਬ ਦੇ ਡੋਮੀਸਾਇਲ ਖਿਡਾਰੀ ਨੂੰ ਦਿੱਤਾ ਜਾਵੇਗਾ।

6. ਜੇਕਰ ਕਿਸੇ ਖੇਡ ਵਿੱਚ ਇੱਕ ਤੋਂ ਵੱਧ ਦਾਵੇਦਾਰ ਹੋਣਗੇ ਤਾਂ ਸੀਨੀਅਰ ਮੋਸਟ ਖਿਡਾਰੀ (ਉਮਰ ਵਿੱਚ ਨਹੀਂ, ਬਲਕਿ ਖੇਡ ਵਿੱਚ) ਨੂੰ ਐਵਾਰਡ ਦਿੱਤਾ ਜਾਵੇਗਾ।

7. ਕੇਵਲ ਉਹੀ ਖਿਡਾਰੀ ਜਿਨ੍ਹਾਂ ਨੇ ਰਾਸ਼ਟਰੀ/ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਹੋਵੇ, ਇਸ ਐਵਾਰਡ ਲਈ ਯੋਗ ਹੋਣਗੇ। ਸਿਰਫ ਉਹਨਾਂ ਖਿਡਾਰੀਆਂ/ ਖਿਡਾਰਨਾਂ ਨੂੰ ਛੋਟ ਹੋਵੇਗੀ ਜੋ ਸਰਕਾਰੀ/ਅੱਧ ਸਰਕਾਰੀ ਵਿਭਾਗਾਂ ਵਿਚ ਨੌਕਰੀ ਹੋਣ ਕਰਕੇ ਪੰਜਾਬ ਦੀ ਪ੍ਰਤੀਨਿੱਧਤਾ ਨਹੀਂ ਕਰ ਸਕੇ, ਪਰੰਤੂ ਅਜਿਹੇ ਖਿਡਾਰੀਆਂ ਵੱਲੋਂ ਹੋਰ ਸਾਰੀਆਂ ਰਾਸ਼ਟਰੀ ਖੇਡਾਂ ਵਿਚ ਪੰਜਾਬ ਰਾਜ ਦੀ ਪ੍ਰਤੀਨਿਧਤਾ ਕੀਤੀ ਹੋਵੇ।

8. ਟੀਮ ਈਵੈਂਟ ਵਿੱਚ ਕੇਵਲ ਉਹੀ ਨੈਸ਼ਨਲ ਚੈਂਪੀਅਨਸ਼ਿਪਾਂ, ਜਿਸ ਵਿੱਚ 8 ਰਾਜਾਂ ਦੀਆਂ ਟੀਮਾਂ ਨੇ ਭਾਗ ਲਿਆ ਹੋਵੇ ਅਤੇ ਵਿਅਕਤੀਗਤ ਖੇਡ ਵਿੱਚ ਘੱਟੋ-ਘੱਟ 7 ਖਿਡਾਰੀਆਂ ਨੇ ਭਾਗ ਲਿਆ ਹੋਵੇ, ਨੂੰ ਯੋਗ ਮੰਨਿਆ ਜਾਵੇਗਾ। ਇਸ ਸਬੰਧੀ ਖਿਡਾਰੀ ਵੱਲੋਂ ਸਬੰਧਤ ਖੇਡ ਸੰਸਥਾ ਦਾ ਇਸ ਦੀ ਪੁਸ਼ਟੀ ਸਬੰਧੀ ਸਰਟੀਫਿਕੇਟ ਬਿਨੈ-ਪੱਤਰ ਨਾਲ ਲਗਾਉਣਾ ਜਰੂਰੀ ਹੋਵੇਗਾ।

ਖਿਡਾਰੀਆਂ ਵਲੋਂ ਆਫੀਸ਼ੀਅਲ ਅੰਤਰਰਾਸ਼ਟਰੀ ਸਪੋਰਟਸ ਸੰਸਥਾ ਜੋ ਇੰਟਰਨੈਸ਼ਨਲ ਓਲੰਪਿਕ ਕਮੇਟੀ (ਆਈ.ਓ.ਸੀ.) ਜਾਂ ਭਾਰਤੀ ਉਲੰਪਿਕ ਸੰਸਥਾ (ਆਈ.ਓ.ਏ.) ਵਲੋਂ ਮਾਨਤਾ ਪ੍ਰਾਪਤ ਨੈਸ਼ਨਲ ਸਪੋਰਟਸ ਫੈਡਰੇਸ਼ਨਾਂ ਵਲੋਂ ਜਾਰੀ ਕੀਤੇ ਮੈਡਲਾਂ/ ਪੁਜੀਸ਼ਨਾਂ ਦੇ ਖੇਡ ਪ੍ਰਾਪਤੀਆਂ ਦੇ ਸਰਟੀਫਿਕੇਟਾਂ ਦੀਆਂ ਸਵੈ-ਤਸਦੀਕ ਕਾਪੀਆਂ ਸਮੇਤ ਬਾਇਓ ਡਾਟਾ ਅਤੇ ਆਪਣੀਆਂ 2 ਤਾਜ਼ਾ ਪਾਸਪੋਰਟ ਸਾਈਜ ਫੋਟੋਆਂ, ਆਪਣੇ ਬਿਨੈ ਪੱਤਰ ਨਾਲ ਨੱਥੀ ਕਰਕੇ ਭੇਜਣੀਆਂ ਹੋਣਗੀਆਂ। ਸਵੈ-ਤਸਦੀਕ ਤੋਂ ਬਿਨ੍ਹਾਂ ਉਸ ਦੀਆਂ ਪ੍ਰਾਪਤੀਆਂ ਦੇ ਸਰਟੀਫਿਕੇਟ ਮੰਨਣਯੋਗ ਨਹੀਂ ਹੋਣਗੇ।

ਯੋਗ ਖਿਡਾਰੀ ਆਪਣੇ ਬਿਨੈ ਪੱਤਰ ਨਿਰਧਾਰਤ ਪ੍ਰੋਫਾਰਮੇ ਵਿਚ, ਸਿੱਧੇ ਤੌਰ ਤੇ ਜਾਂ ਸਬੰਧਤ ਜਿਲ੍ਹਾ ਖੇਡ ਅਫਸਰ ਰਾਹੀਂ ਜਾਂ ਪੰਜਾਬ ਉਲੰਪਿਕ ਸੰਸਥਾ ਰਾਹੀਂ ਮਿਤੀ **09-11-2018** ਤੱਕ ਡਾਇਰੈਕਟਰ ਸਪੋਰਟਸ, ਪੰਜਾਬ, ਐਸ.ਸੀ.ਓ. ਨੰਬਰ-116-117, ਸੈਕਟਰ 34-ਏ, ਚੰਡੀਗੜ੍ਹ ਨੂੰ ਭੇਜਣਗੇ। ਇਸ ਮਿਤੀ ਤੋਂ ਬਾਅਦ ਵਿਚ ਪ੍ਰਾਪਤ ਹੋਏ ਬਿਨੈਪੱਤਰਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-

**ਡਾਇਰੈਕਟਰ ਸਪੋਰਟਸ, ਪੰਜਾਬ।**

# ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ ਪ੍ਰੋਫਾਰਮਾ

ਖੇਡ ਦਾ ਨਾਂ.................

1. ਸਾਲ (ਜਿਸ ਲਈ ਅਪਲਾਈ ਕੀਤਾ ਗਿਆ ਹੈ) – .......................................

2. ਖਿਡਾਰੀ ਦਾ ਨਾਮ – .......................................

3. ਪਿਤਾ ਦਾ ਨਾਮ – .......................................

4. ਜਨਮ ਮਿਤੀ – .......................................

5. ਵਿਦਿਅਕ ਯੋਗਤਾ – .......................................

6. ਪ੍ਰੋਫੈਸ਼ਨਲ ਯੋਗਤਾ
(ਨੌਕਰੀ ਅਤੇ ਅਹੁੱਦਾ/ ਵਿਦਿਆਰਥੀ ਆਦਿ) – .......................................

7. ਪੱਤਰ ਵਿਹਾਰ ਲਈ ਪਤਾ – .......................................
.......................................
.......................................

8. ਪੱਕਾ ਪਤਾ – .......................................
.......................................
.......................................

9. ਟੈਲੀਫੋਨ ਨੰਬਰ/ ਮੋਬਾਇਲ ਨੰਬਰ – .......................................

10. ਬੈਂਕ ਅਕਾਊਂਟ ਡਿਟੇਲ:– (ੳ) ਅਕਾਊਂਟ ਨੰਬਰ .......................................
(ਅ) ਬੈਂਕ ਦਾ ਨਾਮ ਅਤੇ ਸਥਾਨ .......................................
(ੲ) ਆਈ.ਐਫ.ਐਸ.ਸੀ .ਕੋਡ ਨੰਬਰ .......................................

11. ਨੈਸ਼ਨਲ ਚੈਂਪੀਅਨਸ਼ਿਪ/ ਗੇਮ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਅਤੇ ਅੰਤਰ–ਰਾਸ਼ਟਰੀ ਕੰਪੀਟੀਸ਼ਨ ਵਿੱਚ ਭਾਗ ਲੈਣ ਦਾ ਵੇਰਵਾ:–

| ਲੜੀ ਨੰ. | ਖੇਡ ਮੁਕਾਬਲੇ ਦਾ ਨਾਮ | ਸਥਾਨ | ਮਿਤੀ | ਪੁਜੀਸ਼ਨ |
|---|---|---|---|---|
| | | | | |
| | | | | |

ਚਲਦਾ ਪੰਨਾ.....(2)

12. ਖੇਡ ਪ੍ਰਾਪਤੀਆਂ ਜਿਸ ਦੇ ਆਧਾਰ ਤੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਲਈ ਬਿਨੈ ਪੱਤਰ ਦਿੱਤਾ ਜਾ ਰਿਹਾ ਹੈ:-

| ਲੜੀ ਨੰ. | ਖੇਡ ਮੁਕਾਬਲੇ ਦਾ ਨਾਮ | ਸਥਾਨ | ਮਿਤੀ | ਈਵੈਂਟ (ਜੇਕਰ ਵਿਅਕਤੀਗਤ ਗੇਮ ਹੋਵੇ) | ਪੁਜੀਸ਼ਨ |
|---|---|---|---|---|---|
| 1 | | | | | |
| 2 | | | | | |
| 3 | | | | | |
| 4 | | | | | |
| 5 | | | | | |
| 6 | | | | | |
| 7 | | | | | |
| 8 | | | | | |
| 9 | | | | | |
| 10 | | | | | |
| | | | | | ਜੋੜ |

(ਖਿਡਾਰੀ ਦੇ ਹਸਤਾਖਰ)

ਖਿਡਾਰੀ ਦਾ ਨਾਂ-..........................

ਗੇਮ-.........................